**ਡੇਅ ਸਰਜਰੀ ਤੋਂ ਬਾਅਦ ਘਰ ਜਾਣਾ: ਆਪਣੇ ਬੱਚੇ ਨੂੰ ਐਸੀਟਾਮਿਨੋਫਿਨ ਦਵਾਈ ਦੇਣਾ**

**Going home after day surgery; Giving your child the medication Acetaminophen**

BC CHILDREN'S HOSPITAL
An agency of the Provincial Health Services Authority

Surgical Daycare Unit
4480 Oak Street, Vancouver, BC V6H 3V4
604-875-2345 • 1-888-300-3088
www.bcchildrens.ca

# ਐਸੀਟਾਮਿਨੋਫਿਨ ਨੂੰ ਟੈਲੇਨੌਲ, ਜਾਂ ਅਬੇਨੌਲ ਵੀ ਆਖਿਆ ਜਾਂਦਾ ਹੈ।

## ਡੇਅ ਸਰਜਰੀ ਤੋਂ ਬਾਅਦ ਆਪਣੇ ਬੱਚੇ ਨੂੰ ਐਸੀਟਾਮਿਨੋਫਿਨ ਦੇਣ ਬਾਰੇ ਕੀ ਫਰਕ ਹੈ?

ਡੇਅ ਸਰਜਰੀ ਤੋਂ ਬਾਅਦ, ਕਿਸੇ ਬੱਚੇ ਨੂੰ ਐਸੀਟਾਮਿਨੋਫਿਨ ਦੀ ਉਸ ਨਾਲੋਂ **ਥੋੜ੍ਹੀ** ਜਿਹੀ ਜ਼ਿਆਦਾ ਡੋਜ਼ (ਖੁਰਾਕ) ਦੇਣਾ ਸੁਰੱਖਿਅਤ ਹੈ ਜਿੰਨਾ ਐਸੀਟਾਮਿਨੋਫਿਨ ਦੀ ਬੋਤਲ ਉਪਰਲੀਆਂ ਹਿਦਾਇਤਾਂ ਵਿਚ ਲਿਖਿਆ ਹੋਇਆ ਹੁੰਦਾ ਹੈ। ਇਸ ਥੋੜ੍ਹੇ ਜਿਹੇ ਵਾਧੇ ਦਾ ਹਿਸਾਬ ਲਾਉਣ ਦੀ ਲੋੜ ਹੈ ਤਾਂ ਜੋ ਇਹ ਤੁਹਾਡੇ ਬੱਚੇ ਲਈ ਸੁਰੱਖਿਅਤ ਰਹੇ। ਤੁਹਾਡੇ ਬੱਚੇ ਨੂੰ ਇਹ ਥੋੜ੍ਹੀ ਜਿਹੀ ਜ਼ਿਆਦਾ ਡੋਜ਼ (ਖੁਰਾਕ) ਦੇਣਾ **ਸਿਰਫ** ਇਸ ਕਰਕੇ ਸੁਰੱਖਿਅਤ ਹੈ ਕਿਉਂਕਿ ਉਹ **ਅੱਜ** ਕੀਤੀ ਗਈ ਸਰਜਰੀ ਤੋਂ ਘਰ ਵਿਚ ਠੀਕ ਹੋ ਰਿਹਾ ਹੁੰਦਾ ਹੈ। ਇਹ ਖੁਰਾਕ **2 ਦਿਨਾਂ ਲਈ ਸੁਰੱਖਿਅਤ ਹੈ**। ਤੁਹਾਡੇ ਬੱਚੇ ਨੂੰ 2 ਦਿਨਾਂ ਤੋਂ ਜ਼ਿਆਦਾ ਸਮੇਂ ਲਈ ਦਰਦ ਦੀ ਦਵਾਈ ਦੀ ਲੋੜ ਨਹੀਂ ਹੋਣੀ ਚਾਹੀਦੀ। ਇਹ ਥੋੜ੍ਹੀ ਜਿਹੀ ਜ਼ਿਆਦਾ ਦਵਾਈ ਦੀ ਡੋਜ਼ ਆਪਣੇ ਬੱਚੇ ਨੂੰ ਨਾ ਦਿਉ ਜੇ ਉਸ ਦੀ ਉਮਰ ਇਕ ਸਾਲ ਤੋਂ ਘੱਟ ਹੈ ਜਾਂ ਉਹ ਕਿਸੇ ਵੀ ਉਮਰ ਦਾ ਬੱਚਾ ਹੈ ਜਿਸ ਨੂੰ ਜਿਗਰ ਜਾਂ ਗੁਰਦੇ ਦੀ ਕੋਈ ਬੀਮਾਰੀ ਹੈ।

## ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਕਿੰਨੀ ਦਵਾਈ ਦੇਣੀ ਹੈ?

ਜੇ ਤੁਸੀਂ ਐਸੀਟਾਮਿਨੋਫਿਨ ਦੀ ਬੋਤਲ ਆਪਣੇ ਨਾਲ ਹਸਪਤਾਲ ਲੈ ਕੇ ਆਏ ਹੋਵੋ ਤਾਂ ਤੁਹਾਡੀ ਨਰਸ ਸਹੀ ਖੁਰਾਕ ਦਾ ਹਿਸਾਬ ਲਾਵੇਗੀ। ਤੁਹਾਡੀ ਨਰਸ ਤੁਹਾਨੂੰ ਇਹ ਦਿਖਾਏਗੀ ਕਿ ਅਗਲੇ ਦੋ ਦਿਨਾਂ ਲਈ ਦੇਣ ਲਈ ਦਵਾਈ ਦੀ ਸਹੀ ਮਾਤਰਾ ਕਿਵੇਂ ਮਿਣਨੀ ਹੈ।

ਜੇ ਤੁਸੀਂ ਆਪਣੇ ਨਾਲ ਹਸਪਤਾਲ ਨੂੰ ਐਸੀਟਾਮਿਨੋਫਿਨ ਦੀ ਬੋਤਲ ਨਾ ਲੈ ਕੇ ਆਏ ਹੋਵੋ ਤਾਂ ਫਾਰਮਾਸਿਸਟ ਤੋਂ ਮਦਦ ਮੰਗਣਾ ਜ਼ਰੂਰੀ ਹੈ। ਐਸੀਟਾਮਿਨੋਫਿਨ ਕਈ ਵੱਖ ਵੱਖ ਤਾਕਤਾਂ ਅਤੇ ਖੁਰਾਕਾਂ ਵਿਚ ਆਉਂਦੀ ਹੈ ਅਤੇ ਸਹੀ ਮਾਤਰਾ ਦਾ ਹਿਸਾਬ ਲਾਉਣ ਦੀ ਲੋੜ ਹੈ।

## ਕਿਰਪਾ ਕਰਕੇ ਇਹ ਜਾਣਕਾਰੀ ਸ਼ੀਟ ਡਰੱਗ ਸਟੋਰ ਨੂੰ ਲੈ ਕੇ ਜਾਉ ਅਤੇ ਇਹ ਫਾਰਮਾਸਿਸਟ ਨੂੰ ਦਿਉ।

ਤੁਹਾਡਾ ਫਾਰਮਾਸਿਸਟ ਫਿਰ;

- ਇਹ ਜਾਣੇਗਾ ਕਿ ਤੁਹਾਡੇ ਬੱਚੇ ਨੂੰ ਉਸ ਦੀ ਡੇਅ ਸਰਜਰੀ ਤੋਂ ਬਾਅਦ ਕਿਹੜੀ ਡੋਜ਼ ਲੈਣ ਲਈ ਕਿਹਾ ਗਿਆ ਹੈ।
- ਐਸੀਟਾਮਿਨੋਫਿਨ ਦੀ ਸਭ ਤੋਂ ਵਧੀਆ ਤਾਕਤ ਚੁਣਨ ਵਿਚ ਤੁਹਾਡੀ ਮਦਦ ਕਰੇਗਾ।
- ਤੁਹਾਨੂੰ ਮਿਣਨ ਲਈ ਸਹੀ ਮਾਤਰਾ ਦਿਖਾਏਗਾ। ਆਪਣੇ ਬੱਚੇ ਦੀ ਸਰਜਰੀ ਤੋਂ ਬਾਅਦ ਪਹਿਲੇ ਦੋ ਦਿਨਾਂ ਲਈ ਉਸ ਦੀ ਦਰਦ ਘਟਾਉਣ ਵਿਚ ਮਦਦ ਕਰਨ ਲਈ ਐਸੀਟਾਮਿਨੋਫਿਨ ਦੀ ਸਭ ਤੋਂ ਵਧੀਆ ਡੋਜ਼ 90 ਐੱਮ ਜੀ/ ਕੇ ਜੀ ਪ੍ਰਤੀ ਦਿਨ ਹੈ।

## ਤੁਹਾਡੀ ਅਤੇ ਤੁਹਾਡੇ ਫਾਰਮਾਸਿਸਟ ਦੀ ਮਦਦ ਲਈ ਜਾਣਕਾਰੀ:

ਤੁਹਾਡੇ ਬੱਚੇ ਦੀ ਸਰਜਰੀ ਤੋਂ ਬਾਅਦ ਉਸ ਦੀ ਦਰਦ ਘਟਾਉਣ ਵਿਚ ਮਦਦ ਕਰਨ ਲਈ ਐਸੀਟਾਮਿਨੋਫਿਨ ਦੀ ਸਭ ਤੋਂ ਵਧੀਆ ਡੋਜ਼ 90 ਐੱਮ ਜੀ/ ਕੇ ਜੀ ਪ੍ਰਤੀ ਦਿਨ ਹੈ। ਇਸ ਡੋਜ਼ ਦੀ ਸਿਫਾਰਸ਼ ਬੀ ਸੀ ਚਿਲਡਰਨ'ਜ਼ ਹਸਪਤਾਲ ਦੇ ਪੇਨ ਸਰਵਿਸ ਅਤੇ ਐਨਿਸਥੀਜ਼ੀਆ ਵਿਭਾਗ ਵਲੋਂ ਕੀਤੀ ਗਈ ਹੈ।

ਤੁਹਾਡੇ ਬੱਚੇ ਦਾ ਭਾਰ ਹੈ:__________ਕਿਲੋ

**ਅੱਜ (ਤਾਰੀਕ):__________________**

- ਤੁਹਾਡੇ ਬੱਚੇ ਨੂੰ ਬੀ ਸੀ ਚਿਲਡਰਨ'ਜ਼ ਹਸਪਤਾਲ ਵਿਚ ____________ਵਜੇ (ਸਮਾਂ) ਐਸੀਟਾਮਿਨੋਫਿਨ ਦੀ ਡੋਜ਼ ਦਿੱਤੀ ਗਈ ਸੀ।
- ਤੁਸੀਂ ਅਗਲੀ ਡੋਜ਼ __________ਵਜੇ (ਸਮਾਂ) ਦੇ ਸਕਦੇ ਹੋ।
- ਫਾਰਮਾਸਿਸਟ ਵਲੋਂ ਦਿਖਾਈ ਗਈ ਡੋਜ਼ ਦਿਉ ਜਿਹੜੀ ਕਿ__________ਹੈ। ਇਹ ________ਵਾਂਗ ਹੈ ਜਾਂ 15 ਐੱਮ ਜੀ/ਕੇ ਜੀ ਹੈ।
- ਤੁਸੀਂ ਇਹ ਡੋਜ਼ ਹਰ ਚਾਰ ਘੰਟਿਆਂ ਬਾਅਦ ਦੇ ਸਕਦੇ ਹੋ।

**ਕੱਲ (ਤਾਰੀਕ):______________**

- ਫਾਰਮਾਸਿਸਟ ਵਲੋਂ ਦਿਖਾਈ ਗਈ ਡੋਜ਼ ਦਿਉ ਜਿਹੜੀ ਕਿ__________ਹੈ। ਇਹ ________ਵਾਂਗ ਹੈ ਜਾਂ 15 ਐੱਮ ਜੀ/ਕੇ ਜੀ ਹੈ।
- ਤੁਸੀਂ ਇਹ ਡੋਜ਼ ਹਰ ਚਾਰ ਘੰਟਿਆਂ ਬਾਅਦ ਦੇ ਸਕਦੇ ਹੋ ਅਤੇ 6 ਵਾਰੀ ਤੱਕ ਦੇ ਸਕਦੇ ਹੋ।

*ਜਾਰੀ...*

## ਇਨ੍ਹਾਂ ਦੋ ਦਿਨਾਂ ਲਈ ਆਪਣੇ ਬੱਚੇ ਨੂੰ ਦਵਾਈ ਦੀ ਥੋੜ੍ਹੀ ਜਿਹੀ ਜ਼ਿਆਦਾ ਡੋਜ਼ ਸੁਰੱਖਿਅਤ ਤਰੀਕੇ ਨਾਲ ਦੇਣ ਬਾਰੇ ਮੈਨੂੰ ਹੋਰ ਕੀ ਜਾਣਨ ਦੀ ਲੋੜ ਹੈ?

- ਆਪਣੇ ਬੱਚੇ ਨੂੰ ਇਹ ਡੋਜ਼ ਸਿਰਫ ਤਾਂ ਹੀ ਦਿਉ ਜੇ ਤੁਹਾਡਾ ਬੱਚਾ ਦਰਦ ਲਈ ਸਿਰਫ ਐਸੀਟਾਮਿਨੋਫਿਨ ਹੀ ਲੈ ਰਿਹਾ ਹੈ।
- ਅਜਿਹੀਆਂ ਦਵਾਈਆਂ ਨਾ ਦਿਉ ਜਿਨ੍ਹਾਂ ਵਿਚ ਐਸੀਟਾਮਿਨੋਫਿਨ ਹੁੰਦੀ ਹੈ ਜਿਵੇਂ ਕਿ:
  - ਖੰਘ ਜਾਂ ਜ਼ੁਕਾਮ ਦੀ ਦਵਾਈ
  - ਟੈਲੇਨੌਲ 1ਐੱਸ, “ਟੈਲੇਨੌਲ 2 ਐੱਸ” ਜਾਂ “ਟੈਲੇਨੌਲ 3 ਐੱਸ”
- ਜੇ ਤੁਹਾਨੂੰ ਇਹ ਪੱਕਾ ਪਤਾ ਨਾ ਹੋਵੇ ਕਿ ਕੀ ਤੁਸੀਂ ਕੋਈ ਹੋਰ ਦਵਾਈ ਆਪਣੇ ਬੱਚੇ ਨੂੰ ਦੇ ਸਕਦੇ ਹੋ ਜਾਂ ਨਹੀਂ ਤਾਂ ਕਿਰਪਾ ਕਰਕੇ ਆਪਣੇ ਡਾਕਟਰ ਜਾਂ ਆਪਣੇ ਫਾਰਮਾਸਿਸਟ ਤੋਂ ਪੁੱਛੋ।
- ਤੁਹਾਡੇ ਬੱਚੇ ਨੂੰ ਇਹ ਥੋੜ੍ਹੀ ਜਿਹੀ ਜ਼ਿਆਦਾ ਡੋਜ਼ ਦੇਣਾ ਸਿਰਫ ਇਸ ਕਰਕੇ ਸੁਰੱਖਿਅਤ ਹੈ ਕਿਉਂਕਿ ਉਹ ਅੱਜ ਕੀਤੀ ਗਈ ਸਰਜਰੀ ਤੋਂ ਘਰ ਵਿਚ ਠੀਕ ਹੋ ਰਿਹਾ ਹੁੰਦਾ ਹੈ। ਜੇ ਤੁਹਾਡੇ ਡਾਕਟਰ ਨੇ ਦਵਾਈ ਕਿਸੇ ਹੋਰ ਤਰੀਕੇ ਨਾਲ ਦੇਣ ਲਈ ਨਹੀਂ ਕਿਹਾ ਤਾਂ ਪਹਿਲੇ ਦੋ ਦਿਨਾਂ ਬਾਅਦ ਦਵਾਈ ਦੀ ਓਨੀ ਡੋਜ਼ ਹੀ ਦਿਉ ਜਿੰਨੀ ਪੈਕਿੰਗ ’ਤੇ ਲਿਖੀ ਹੋਈ ਹੈ।

## ਮੈਨੂੰ ਐਸੀਟਾਮਿਨੋਫਿਨ ਦੀ ਇਹ ਮਾਤਰਾ ਕਦੋਂ ਨਹੀਂ ਦੇਣੀ ਚਾਹੀਦੀ?

- ਜੇ ਤੁਹਾਡੇ ਬੱਚੇ ਦੀ ਉਮਰ ਇਕ ਸਾਲ ਤੋਂ ਘੱਟ ਹੈ।
- ਜੇ ਕਿਸੇ ਵੀ ਉਮਰ ਦੇ ਤੁਹਾਡੇ ਬੱਚੇ ਨੂੰ ਜਿਗਰ ਜਾਂ ਗੁਰਦੇ ਦੀ ਕੋਈ ਬੀਮਾਰੀ ਹੈ।
- ਜੇ ਤੁਹਾਡੇ ਕਿਸੇ ਵੀ ਉਮਰ ਦੇ ਬੱਚੇ ਦੇ ਦੋ ਦਿਨਾਂ ਨਾਲੋਂ ਜ਼ਿਆਦਾ ਸਮੇਂ ਲਈ ਦਰਦ ਹੁੰਦੀ ਹੈ।

## ਆਪਣੇ ਬੱਚੇ ਦੇ ਸਰਜਨ ਜਾਂ ਫੈਮਿਲੀ ਡਾਕਟਰ ਨਾਲ ਸੰਪਰਕ ਕਰੋ

ਫੋਨ:____________________________

ਜੇ:

- ਐਸੀਟਾਮਿਨੋਫਿਨ ਦੀ ਮਾਤਰਾ ਤੁਹਾਡੇ ਬੱਚੇ ਦੀ ਦਰਦ ਨੂੰ ਕੰਟਰੋਲ ਨਹੀਂ ਕਰ ਰਹੀ।
- ਤੁਹਾਡੇ ਬੱਚੇ ਦੇ 2 ਦਿਨਾਂ ਨਾਲੋਂ ਜ਼ਿਆਦਾ ਸਮੇਂ ਲਈ ਦਰਦ ਹੋ ਰਹੀ ਹੈ।
- ਤੁਹਾਡੇ ਬੱਚੇ ਨੂੰ ਬੁਖਾਰ ਹੈ ਜਿਹੜਾ ਹਟ ਨਹੀਂ ਰਿਹਾ।
- ਤੁਹਾਡਾ ਬੱਚਾ ਚੰਗੀ ਤਰ੍ਹਾਂ ਪੀ ਨਹੀਂ ਰਿਹਾ ਅਤੇ ਨਾ ਹੀ ਪਿਸ਼ਾਬ ਕਰ ਰਿਹਾ ਹੈ।

## ਇਹ ਕਰਨਾ ਯਾਦ ਰੱਖੋ:

ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਜਾਣ ਤੋਂ ਪਹਿਲਾਂ ਆਪਣੀ ਨਰਸ ਨੂੰ ਪੁੱਛੋ।

ਜੇ ਤੁਸੀਂ ਐਸੀਟਾਮਿਨੋਫਿਨ ਦੀ ਬੋਤਲ ਆਪਣੇ ਨਾਲ ਹਸਪਤਾਲ ਨੂੰ ਲੈ ਕੇ ਆਏ ਹੋ:

- ਆਪਣੀ ਨਰਸ ਨੂੰ ਇਹ ਦਿਖਾਉ ਕਿ ਦੋ ਦਿਨਾਂ ਲਈ ਆਪਣੇ ਬੱਚੇ ਨੂੰ ਐਸੀਟਾਮਿਨੋਫਿਨ ਦੇਣ ਲਈ ਹਰ ਵੇਲੇ ਤੁਸੀਂ ਕਿੰਨੀ ਮਿਣੋਗੇ।

## ਜੇ ਤੁਸੀਂ ਐਸੀਟਾਮਿਨੋਫਿਨ ਦੀ ਬੋਤਲ ਆਪਣੇ ਨਾਲ ਹਸਪਤਾਲ ਨਾ ਲੈ ਕੇ ਆਏ ਹੋਵੋ:

- ਇਹ ਪੈਂਫਲਿਟ ਆਪਣੇ ਫਾਰਮਾਸਿਸਟ ਕੋਲ ਲੈ ਕੇ ਜਾਉ।

ਜੇ ਤੁਹਾਡੇ ਮਨ ਵਿਚ ਕੋਈ ਵੀ ਸਵਾਲ ਹੋਣ ਤਾਂ ਆਪਣੇ ਫਾਰਮਾਸਿਸਟ ਜਾਂ ਫੈਮਿਲੀ ਡਾਕਟਰ ਨੂੰ ਫੋਨ ਕਰੋ:

____________________________

**ਪੁੱਛਣਾ ਚੰਗਾ ਹੈ!**

ਸਰਜੀਕਲ ਡੇਅ ਕੇਅਰ ਯੂਨਿਟ ਦੇ ਮਾਹਰਾਂ ਵਲੋਂ ਡਿਪਾਰਟਮੈਂਟ ਔਫ ਲਰਨਿੰਗ ਐਂਡ ਡਿਵੈਲਪਮੈਂਟ ਦੀ ਸਹਾਇਤਾ ਨਾਲ ਤਿਆਰ ਕੀਤਾ

BCCH1593 © 2011 BC Children’s Hospital

[Punjabi]